VIGILANCE BUREAU, PUNJAB

# PUNJAB VIGILANCE BUREAU GIVES FAREWELL TO EIGHT OFFICIALS ON SUPERANNUATION

Chandigarh May 29: Punjab Vigilance Bureau (VB) today gave warm farewell party in the honour of eight officers/officials held here at VB Headquarters, S.A.S. Nagar.

Disclosing this here today, spokesperson of the Vigilance Bureau said that ADGP-cum-Chief Director Mr. B.K.Uppal felicitated all the officers/officials on the occasion of their superannuation. He expressed his best wishes and said the bureau would always remember their valuable services rendered towards the state as well as the public.

He also presented momentoes to the retiring officials who includes Paramjit Singh Goraya, Swaran Singh, Ravinder Kumar Bakshi, Joint Director Prosecution Madan Lal Solanki, Superintendent Gurbachan Singh, Senior Assistant Saroj Sharma, ASI Narinder Kumar and ASI Santosh Kumari.

On the occasion VB chief Mr Uppal advised all officers/employees of the VB to wear face masks and maintain social distancing while performing their duties as well as ensure sanitization of hands at regular intervals to contain the spread of Corona Virus. During the farewell party all officers and employees wore face masks and maintained social distancing.

--------------------

ਵਿਜੀਲੈਂਸ ਬਿਊਰੋ, ਪੰਜਾਬ

# ਪੰਜਾਬ ਵਿਜੀਲੈਂਸ ਬਿਊਰੋ ਨੇ ਅੱਠ ਅਧਿਕਾਰੀਆਂ ਨੂੰ ਦਿੱਤੀ ਵਿਦਾਇਗੀ ਪਾਰਟੀ

ਚੰਡੀਗੜ੍ਹ 29 ਮਈ:

ਪੰਜਾਬ ਵਿਜੀਲੈਂਸ ਬਿਊਰੋ (ਵੀਬੀ) ਨੇ ਅੱਜ ਇੱਥੇ ਵੀਬੀ ਹੈੱਡਕੁਆਰਟਰ, ਐਸ.ਏ.ਐਸ. ਨਗਰ. ਵਿਖੇ ਹੋਏ ਅੱਠ ਅਧਿਕਾਰੀਆਂ / ਕਰਮਚਾਰੀਆਂ ਦੇ ਸਨਮਾਨ ਵਿੱਚ ਨਿੱਘੀ ਵਿਦਾਇਗੀ ਪਾਰਟੀ ਦਿੱਤੀ।

ਇਹ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਏਡੀਜੀਪੀ-ਕਮ-ਚੀਫ ਡਾਇਰੈਕਟਰ ਸ੍ਰੀ ਬੀ.ਕੇ. ਉੱਪਲ ਨੇ ਸਾਰੇ ਅਧਿਕਾਰੀਆਂ /ਕਰਮਚਾਰੀਆਂ ਨੂੰ ਉਨ੍ਹਾਂ ਨੂੰ ਇਸ ਮੌਕੇ ਉੱਤੇ ਵਧਾਈ ਦਿੱਤੀ। ਉਨ੍ਹਾਂ ਨੇ ਸ਼ੁੱਭਕਾਮਨਾਵਾਂ ਜ਼ਾਹਰ ਕਰਦਿਆਂ ਕਿਹਾ ਕਿ ਼ਲੋਕਾਂ ਅਤੇ ਰਾਜ ਪ੍ਰਤੀ ਨਿਭਾਈਆਂ ਉਨ੍ਹਾਂ ਦੀਆਂ ਸੇਵਾਵਾਂ ਨੂੰ ਬਿਊਰੋ ਹਮੇਸ਼ਾ ਯਾਦ ਰੱਖੇਗਾ।

ਉਨ੍ਹਾਂ ਸੇਵਾ ਮੁਕਤ ਹੋਣ ਵਾਲੇ ਅਧਿਕਾਰੀਆਂ ਨੂੰ ਮੋਮੈਂਟੋ ਵੀ ਭੇਟ ਕੀਤੇ ਜਿਨ੍ਹਾਂ ਵਿੱਚ ਪਰਮਜੀਤ ਸਿੰਘ ਗੁਰਾਇਆ, ਸਵਰਨ ਸਿੰਘ, ਰਵਿੰਦਰ ਕੁਮਾਰ ਬਖਸ਼ੀ, ਜੁਆਇੰਟ ਡਾਇਰੈਕਟਰ ਪ੍ਰੋਸੀਕਿਊਸ਼ਨ ਮਦਨ ਲਾਲ ਸੋਲੰਕੀ, ਸੁਪਰਡੈਂਟ ਗੁਰਬਚਨ ਸਿੰਘ, ਸੀਨੀਅਰ ਸਹਾਇਕ ਸਰੋਜ ਸ਼ਰਮਾ, ਏਐਸਆਈ ਨਰਿੰਦਰ ਕੁਮਾਰ ਅਤੇ ਏਐਸਆਈ ਸੰਤੋਸ਼ ਕੁਮਾਰੀ ਸ਼ਾਮਲ ਹਨ।

ਇਸ ਮੌਕੇ ਵੀ.ਬੀ. ਦੇ ਮੁਖੀ ਸ੍ਰੀ ਉੱਪਲ ਨੇ ਵੀ.ਬੀ. ਦੇ ਸਾਰੇ ਅਧਿਕਾਰੀਆਂ / ਕਰਮਚਾਰੀਆਂ ਨੂੰ ਆਪਣੇ ਫਰਜ਼ ਨਿਭਾਉਂਦੇ ਹੋਏ ਚਿਹਰੇ ਦੇ ਮਾਸਕ ਪਹਿਨਣ ਅਤੇ ਸਮਾਜਿਕ ਦੂਰੀ ਬਣਾਏ ਰੱਖਣ ਦੇ ਨਾਲ ਨਾਲ ਕੋਰੋਨਾ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਨਿਯਮਤ ਅੰਤਰਾਲਾਂ ਤੇ ਹੱਥਾਂ ਨੂੰ ਰੋਗਾਣ-ਮੁਕਤ ਕਰਨ ਨੂੰ ਯਕੀਨੀ ਬਣਾਉਣ ਦੀ ਸਲਾਹ ਦਿੱਤੀ। ਵਿਦਾਇਗੀ ਪਾਰਟੀ ਦੌਰਾਨ ਸਾਰੇ ਅਧਿਕਾਰੀ ਅਤੇ ਕਰਮਚਾਰੀਆਂ ਨੇ ਚਿਹਰੇ ਤੇ ਮਾਸਕ ਪਹਿਨੇ ਹੋਏ ਸਨ ਅਤੇ ਸਮਾਜਕ ਦੂਰੀ ਕਾਇਮ ਰੱਖੀ ਗਈ ਸੀ।

\-\-\-\-\-\-\-\-\-\-\-